# PRESTO ਨੂੰ ਕਿਵੇਂ ਵਰਤਣਾ ਹੈ

## 1. ਕਾਰਡ ਖਰੀਦੋ

ਔਨਲਾਈਨ **prestocard.ca** ਤੇ ਜਾਂ ਹੇਠਾਂ ਦਿੱਤੇ Brampton Transit ਟਰਮੀਨਲਾਂ ਜਾਂ ਸਹੂਲਤਾਂ ਤੇ **PRESTO** ਕਾਰਡ ਖਰੀਦੋ:

- ਬ੍ਰਾਮੇਲਿਆ ਟਰਮੀਨਲ – 160 ਸੈਂਟ੍ਰਲ ਪਾਰਕ ਡ੍ਰਾਈਵ
- ਡਾਊਨਟਾਊਨ ਟਰਮੀਨਲ – 8 ਨੈਲਸਨ ਸਟ੍ਰੀਟ
- ਬ੍ਰੈਂਪਟਨ ਗੇਟਵੇਅ ਟਰਮੀਨਲ – 501 ਮੇਨ ਸਟ੍ਰੀਟ ਸਾਊਥ
- ਟ੍ਰਿਨਿਟੀ ਕਾਮਨ ਟਰਮੀਨਲ –164 ਗ੍ਰੇਟ ਲੇਕਸ ਬੁਲੇਵਾਰਡ
- ਕਲਾਰਕ ਫੈਸਿਲਿਟੀ – 185 ਕਲਾਰਕ ਬੁਲੇਵਾਰਡ

ਖਰੀਦਣ ਤੇ $6 ਦੀ ਵਾਪਸ ਨਾ ਹੋਣ ਯੋਗ, ਜਾਰੀ ਕਰਨ ਦੀ ਫੀਸ ਲਈ ਜਾਂਦੀ ਹੈ।

## 2. ਆਪਣਾ ਕਾਰਡ ਲੋਡ ਕਰੋ

**PRESTO** ਨਾਲ, ਤੁਹਾਡੇ ਕੋਲ ਆਪਣੇ ਕਾਰਡ ਤੇ ਵੱਖ-ਵੱਖ ਉਤਪਾਦ ਲੋਡ ਕਰਨ ਦੀ ਲਚਕਤਾ ਹੈ। ਦੋ ਤਰ੍ਹਾਂ ਦੇ PRESTO ਲੋਡ ਹੁੰਦੇ ਹਨ:

- **ਈ-ਪਰਸ ਵੈਲਿਊ ਜੋੜੋ:** ਆਪਣੇ PRESTO ਕਾਰਡ ਤੇ ਘੱਟੋ-ਘੱਟ $10 ਜੋੜੋ। ਤੁਸੀਂ ਵੱਧ ਤੋਂ ਵੱਧ $1,000 ਦਾ ਬੈਲੰਸ ਰੱਖ ਸਕਦੇ ਹੋ। ਜਦੋਂ ਤੁਸੀਂ ਸਵਾਰੀ ਕਰਦੇ ਹੋ, ਤੁਹਾਡੇ ਦੌਰੇ ਲਈ ਕਿਰਾਇਆ ਤੁਹਾਡੇ ਕਾਰਡ ਤੇ ਸਟੋਰ ਕੀਤੇ ਬੈਲੰਸ ਤੋਂ ਕੱਟ ਲਿਆ ਜਾਂਦਾ ਹੈ।
- **ਮਹੀਨਾਵਾਰ/ਹਫਤਾਵਾਰ ਪਾਸ:** ਮਹੀਨਾਵਾਰ ਜਾਂ ਹਫਤਾਵਾਰ ਪਾਸ ਨਾਲ, ਜਦੋਂ ਪਾਸ ਐਕਟਿਵ ਹੁੰਦਾ ਹੈ ਤਾ ਤੁਸੀਂ ਅਸੀਮਿਤ ਸੰਖਿਆ ਵਿੱਚ ਦੌਰੇ ਕਰ ਸਕਦੇ ਹੋ।

## 3. ਆਪਣਾ ਕਾਰਡ ਰਜਿਸਟਰ ਕਰੋ

ਜੇ ਤੁਸੀਂ ਆਪਣਾ ਕਾਰਡ ਰਜਿਸਟਰ ਕਰਨਾ ਚਾਹੁੰਦੇ ਹੋ, ਤਾਂ Brampton Transit ਟਰਮੀਨਲ ਜਾਂ ਫੈਸਿਲਿਟੀ ਤੋਂ ਖਰੀਦਣ ਤੋਂ ਬਾਅਦ 24 ਘੰਟੇ ਲਈ ਉਡੀਕ ਕਰੋ।

- ਆਪਣਾ ਕਾਰਡ ਔਨਲਾਈਨ **prestocard.ca** ਤੇ ਰਜਿਸਟਰ ਕਰੋ।
- ਆਪਣੇ **PRESTO** ਕਾਰਡ ਨੂੰ ਔਨਲਾਈਨ ਰਜਿਸਟਰ ਕਰਨ ਦੇ 24 ਘੰਟਿਆਂ ਬਾਅਦ, ਤੁਹਾਨੂੰ ਰਜਿਸਟ੍ਰੇਸ਼ਨ ਪੂਰੀ ਕਰਨ ਲਈ 30 ਦਿਨਾਂ ਦੇ ਅੰਦਰ **ਕਿਸੇ ਵੀ** **PRESTO** ਉਪਕਰਣ* ਤੇ ਟੈਪ ਜ਼ਰੂਰ ਕਰਨਾ ਚਾਹੀਦਾ ਹੈ। 30 ਦਿਨਾਂ ਬਾਅਦ, ਤੁਹਾਡੇ ਰਜਿਸਟ੍ਰੇਸ਼ਨ ਦੀ ਮਿਆਦ ਪੁੱਗ ਜਾਵੇਗੀ। ਜੇ ਤੁਹਾਡੀ ਰਜਿਸਟ੍ਰੇਸ਼ਨ ਦੀ ਮਿਆਦ ਪੁੱਗ ਜਾਂਦੀ ਹੈ, ਤਾਂ ਆਪਣੇ ਕਾਰਡ ਨੂੰ ਮੁੜ ਤੋਂ ਐਕਟੀਵੇਟ ਕਰਨ ਲਈ **1-8-PRESTO-123** (1-877-378-6123) ਤੇ ਕਾਲ ਕਰੋ।

* **PRESTO** ਉਪਕਰਣਾਂ ਵਿੱਚ ਸ਼ਾਮਲ ਹਨ :

- Brampton Transit ਟਰਮੀਨਲਾਂ ਅਤੇ ਸਹੂਲਤਾਂ ਤੇ ਬੈਲੰਸ ਚੈੱਕਰ (ਬਕਾਇਆ ਪਤਾ ਕਰਨ ਵਾਲੇ ਸਥਾਨ) ਜਾਂ
- Brampton Transit ਬੱਸਾਂ ਤੇ ਕਿਰਾਏ ਦਾ ਭੁਗਤਾਨ ਕਰਨ ਦੇ ਉਪਕਰਣ। ਆਪਣੀ ਰਜਿਸਟ੍ਰੇਸ਼ਨ ਨੂੰ ਐਕਟੀਵੇਟ ਕਰਨ ਲਈ ਕਿਰਾਏ ਦਾ ਭੁਗਤਾਨ ਕਰਨ ਵਾਲੇ ਉਪਕਰਣਾਂ ਦੀ ਵਰਤੋਂ ਸਿਰਫ ਤਾਂ ਕਰੋ ਜੇ ਇਹ ਤੁਹਾਡੀ ਯਾਤਰਾ ਦਾ ਹਿੱਸਾ ਹੈ, ਕਿਉਂਕਿ ਤੁਹਾਡੇ ਕਾਰਡ ਨੂੰ ਟੈਪ ਕਰਨ ਤੇ ਇਸ ਤੋਂ ਕਿਰਾਇਆ ਕੱਟ ਲਿਆ ਜਾਵੇਗਾ। ਵਿਕਲਪਕ ਤੌਰ ਤੇ, ਜੇ ਤੁਸੀਂ ਉਸ ਸਮੇਂ ਯਾਤਰਾ ਨਹੀ ਕਰ ਰਹੇ ਹੋ ਤਾਂ ਤੁਸੀਂ ਆਪਣੀ ਰਜਿਸਟ੍ਰੇਸ਼ਨ ਨੂੰ ਐਕਟੀਵੇਟ ਕਰਨ ਵਾਸਤੇ ਬੈਲੰਸ ਚੈੱਕਰ (ਬਕਾਇਆ ਪਤਾ ਕਰਨ ਵਾਲੇ ਸਥਾਨ) ਦੀ ਵਰਤੋਂ ਕਰ ਸਕਦੇ ਹੋ।

**ਧਿਆਨ ਦਿਓ:** ਜੇ ਤੁਸੀਂ ਇੱਕ ਬਾਲਗ ਹੋ ਅਤੇ ਆਪਣਾ PRESTO ਕਾਰਡ ਰਜਿਸਟਰ ਨਹੀਂ ਕਰਨਾ ਚਾਹੁੰਦੇ ਹੋ, ਤਾਂ ਇਹ ਇੱਕ ਡਿਫਾਲਟ ਗੁਮਨਾਮ ਕਾਰਡ ਰਹੇਗਾ (**ਆਪਣਾ ਕਾਰਡ ਰਜਿਸਟਰ ਕਰਨ ਦੇ ਫਾਇਦੇ** ਦੇਖੋ)

## 4. ਛੂਟ ਵਾਲੇ ਕਿਰਾਏ ਸੈਟ ਕਰਨੇ

**ਵਿਦਿਆਰਥੀ ਅਤੇ ਬਜ਼ੁਰਗ**

ਹਾਲਾਂਕਿ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ **PRESTO** ਕਾਰਡ ਰਜਿਸਟਰ ਕਰੋ, ਰਜਿਸਟਰ ਨਾ ਕੀਤੇ ਕਾਰਡਾਂ ਤੇ ਵਿਦਿਆਰਥੀਆਂ ਜਾਂ ਬਜ਼ੁਰਗਾਂ ਲਈ ਛੂਟ ਵਾਲੇ ਕਿਰਾਏ ਸੈਟ ਕੀਤੇ ਜਾ ਸਕਦੇ ਹਨ। ਛੂਟ ਵਾਲੇ ਕਿਰਾਏ ਖਰੀਦ ਦੇ ਸਮੇਂ Brampton Transit ਟਰਮੀਨਲ ਜਾਂ ਸਹੂਲਤ ਤੇ ਵਿਅਕਤੀਗਤ ਤੌਰ ਤੇ ਸੈਟ ਕੀਤੇ ਜਾ ਸਕਦੇ ਹਨ।

ਵਾਧੂ ਯਾਤਰੀਆਂ ਲਈ ਭੁਗਤਾਨ ਕਰਨ ਵਾਸਤੇ ਆਪਣੇ **PRESTO** ਕਾਰਡ ਦੀ ਵਰਤੋਂ ਕਰੋ। ਆਪਣੇ **PRESTO** ਕਾਰਡ ਨੂੰ ਕਿਸੇ ਕਿਰਾਏ ਦਾ ਭੁਗਤਾਨ ਕਰਨ ਵਾਲੇ ਉਪਕਰਣ ਤੇ ਟੈਪ ਕਰਨ ਦੇ ਬਾਅਦ, ਬੱਸ ਆਪਰੇਟਰ ਨੂੰ ਦੱਸੋ ਕਿ ਤੁਸੀਂ ਵਾਧੂ ਸਵਾਰੀਆਂ ਲਈ ਭੁਗਤਾਨ ਕਰਨਾ ਚਾਹੋਗੇ। ਆਪਰੇਟਰ ਵਾਧੂ ਸਵਾਰੀਆਂ ਲਈ ਜਾਣਕਾਰੀ ਦਾਖਲ ਕਰੇਗਾ, ਅਤੇ ਕਿਰਾਏ ਕੱਟਣ ਲਈ ਤੁਹਾਨੂੰ ਆਪਣਾ ਕਾਰਡ ਆਪਰੇਟਰ ਦੇ **PRESTO** ਉਪਕਰਣ ਤੇ ਟੈਪ ਕਰਨ ਲਈ ਕਹੇਗਾ।

**ਧਿਆਨ ਦਿਓ**: ਵਾਧੂ ਸਵਾਰੀਆਂ ਲਈ ਇੱਕ ਬਾਲਗ ਈ-ਪਰਸ ਕਿਰਾਏ ਦੀ ਲਾਗਤ ਲਈ ਜਾਵੇਗੀ।

## ਆਪਣੇ ਕਾਰਡ ਨੂੰ ਰਜਿਸਟਰ ਕਰਨ ਦੇ ਫਾਇਦੇ

ਆਪਣਾ ਕਾਰਡ ਰਜਿਸਟਰ ਕਰ ਕੇ ਤੁਸੀਂ ਇਹ ਕਰ ਸਕਦੇ ਹੋ:

**ਤੁਹਾਡਾ ਕਾਰਡ ਗੁਆਚ ਜਾਣ ਜਾਂ ਚੋਰੀ ਹੋ ਜਾਣ ਤੇ ਉਸਦੀ ਰੱਖਿਆ ਕਰੋ। ਤੁਸੀਂ ਆਪਣਾ ਕਾਰਡ ਬਲੌਕ ਕਰ ਸਕਦੇ ਹੋ ਅਤੇ ਬਕਾਇਆ ਨੂੰ ਕਿਸੇ ਬਦਲਵੇਂ ਕਾਰਡ ਤੇ ਟ੍ਰਾਂਸਫਰ ਕਰ ਸਕਦੇ ਹੋ।**

- ਕਿਸੇ ਗੁਆਚ ਗਏ ਕਾਰਡ ਦੀ **PRESTO** ਨੂੰ ਰਿਪੋਰਟ ਕਰੋ ਅਤੇ ਇਸ ਨੂੰ ਬੰਦ ਕਰਵਾ ਦਿਓ। ਗੁਆਚ ਜਾਣ ਦੀ ਰਿਪੋਰਟ ਕਰਨ ਦੇ 24 ਘੰਟਿਆਂ ਦੇ ਅੰਦਰ ਖਰਚੇ ਗਏ ਕਿਸੇ ਵੀ ਮੁੱਲ ਲਈ ਤੁਸੀਂ ਜ਼ਿੰਮੇਵਾਰ ਹੋਵੋਗੇ।
- ਇਹ ਜ਼ਰੂਰੀ ਹੈ ਕਿ ਤੁਸੀਂ ਬਦਲਵਾਂ ਕਾਰਡ ਖਰੀਦੋ ਅਤੇ ਉਸ ਕਾਰਡ ਤੇ ਘੱਟੋ-ਘੱਟ $10 ਲੋਡ ਕਰੋ।
- ਆਪਣਾ ਨਵਾਂ ਕਾਰਡ ਰਜਿਸਟਰ ਨਾ ਕਰੋ। ਆਪਣਾ ਕਾਰਡ ਬਲੌਕ ਕਰਨ ਅਤੇ ਆਪਣਾ ਨਵਾਂ ਕਾਰਡ ਲੈਣ ਤੋਂ ਚੌਵੀ ਘੰਟਿਆਂ ਬਾਅਦ, ਆਪਣੇ ਪੁਰਾਣੇ ਕਾਰਡ ਤੋਂ ਫੰਡ ਟ੍ਰਾਂਸਫਰ ਕਰਵਾਉਣ ਲਈ ਔਨਲਾਈਨ ਜਾਓ ਜਾਂ **PRESTO** ਕਾਲ ਸੈਂਟਰ ਨੂੰ **1-8-PRESTO-123** (1-877-378-6123) ਤੇ ਕਾਲ ਕਰੋ।

**ਆਪਣੇ ਕਾਰਡ ਨੂੰ ਆਪਣੇ-ਆਪ ਦੁਬਾਰਾ ਲੋਡ ਕਰਨ ਲਈ ਆਟੋਲੋਡ (Autoload) ਜਾਂ ਆਟੋਰੀਨਿਊ (Autorenew) ਸੈਟਅਪ ਕਰੋ।**

- ਆਟੋਲੋਡ (Autoload) ਨਾਲ ਜਦੋਂ ਤੁਹਾਡੇ ਈ-ਪਰਸ ਵਿਚਲਾ ਬਕਾਇਆ ਤੁਹਾਡੇ ਦੁਆਰਾ ਚੁਣੀ ਗਈ ਰਕਮ ਤੋਂ ਹੇਠਾਂ ਹੋ ਜਾਂਦਾ ਹੈ ਤਾਂ ਤੁਹਾਡਾ **PRESTO** ਕਾਰਡ ਤੁਹਾਡੇ ਬੈਂਕ ਖਾਤੇ ਜਾਂ ਕ੍ਰੈਡਿਟ ਕਾਰਡ ਦੇ ਰਾਹੀਂ ਆਪਣੇ-ਆਪ ਦੁਬਾਰਾ ਲੋਡ ਹੋ ਜਾਂਦਾ ਹੈ।
- ਪਰ, ਇਹ ਰਕਮ $5 ਅਤੇ $60 ਦੇ ਵਿਚਕਾਰ ਹੋਣੀ ਚਾਹੀਦੀ ਹੈ। ਆਪਣੇ-ਆਪ ਲੋਡ ਕਰਨ ਦੀ ਘੱਟੋ-ਘੱਟ ਰਕਮ $20, ਅਤੇ ਵੱਧ ਤੋਂ ਵੱਧ ਰਕਮ $980 ਹੈ।

**ਧਿਆਨ ਦਿਓ**: ਘੱਟੋ-ਘੱਟ ਅਤੇ ਵੱਧ ਤੋਂ ਵੱਧ ਰਕਮਾਂ PRESTO ਦੁਆਰਾ ਕੋਈ ਨੋਟਿਸ ਦਿੱਤੇ ਬਿਨਾਂ ਬਦਲ ਸਕਦੀਆਂ ਹਨ। ਤੁਹਾਡਾ ਨਵਾਂ ਬਕਾਇਆ ਤੁਰੰਤ ਤੁਹਾਡੇ ਕਾਰਡ ਤੇ ਦਿਖਾਈ ਦੇਵੇਗਾ।

**ਇਨਕਮ ਟੈਕਸ ਦੇ ਉਦੇਸ਼ਾਂ ਲਈ ਟ੍ਰਾਂਜ਼ਿਟ ਯੂਜੇਜ ਰਿਪੋਰਟ (Transit Usage Report) ਹਾਸਲ ਕਰੋ।**

- ਸਿਰਫ ਰਜਿਸਟਰ ਕੀਤੇ ਕਾਰਡ ਹੀ ਫੈਡਰਲ ਟੈਕਸ ਕ੍ਰੈਡਿਟ ਲਈ ਯੋਗ ਹਨ।
- ਆਪਣਾ **PRESTO** ਕਾਰਡ ਵੱਧ ਤੋਂ ਵੱਧ 31 ਦਿਨਾਂ ਦੀ ਬਿਨਾਂ ਰੁਕਾਵਟ ਵਾਲੀ ਮਿਆਦ ਦੇ ਦੌਰਾਨ ਕਿਸੇ ਇਕਹਿਰੇ ਟ੍ਰਾਂਜ਼ਿਟ ਸਿਸਟਮ ਦੇ ਅੰਦਰ ਘੱਟੋ-ਘੱਟ 32 ਇੱਕ-ਤਰਫਾ ਯਾਤਰਾਵਾਂ ਲਈ ਵਰਤੋ। ਤੁਸੀਂ ਟੈਕਸ ਦੇ ਸਮੇਂ ਟੈਕਸ ਦੇ ਉਦੇਸ਼ਾਂ ਲਈ **PRESTO** ਵੈਬਸਾਈਟ ਤੋਂ ਵਰਤੋਂ ਦੀ ਸਟੇਟਮੈਂਟ ਪ੍ਰਿੰਟ ਕਰ ਸਕੋਗੇ।

**ਆਪਣੇ ਟ੍ਰਾਂਜੈਕਸ਼ਨ ਇਤਿਹਾਸ ਦੀ ਸਮੀਖਿਆ ਕਰੋ।**

- ਰਜਿਸਟਰ ਕੀਤੇ ਕਾਰਡਾਂ ਲਈ ਤਿੰਨ ਮਹੀਨੇ ਦਾ ਟ੍ਰਾਂਜੈਕਸ਼ਨ ਇਤਿਹਾਸ ਔਨਲਾਈਨ ਉਪਲਬਧ ਹੈ। ਇਸ ਨੂੰ ਦੇਖਣ ਲਈ ਆਪਣੇ ਖਾਤੇ ਵਿੱਚ ਲੌਗ-ਇਨ ਕਰੋ।

**ਸੰਕਟਕਾਲੀ ਯਾਤਰਾ**

- ਰਜਿਸਟਰ ਕੀਤੇ ਕਾਰਡ ਦੇ ਧਾਰਕ, ਜਿਨ੍ਹਾਂ ਕੋਲ ਯਾਤਰਾ ਪੂਰੀ ਕਰਨ ਲਈ ਲੋੜੀਂਦਾ ਫੰਡ ਨਹੀਂ ਹੈ, ਇੱਕ ਟੈਪ ਕਰਕੇ ਜਾਰੀ ਕੀਤੇ ਜਾਣ ਦੇ ਸਮੇਂ ਤੋਂ ਦੋ ਘੰਟਿਆਂ ਦਾ ਟ੍ਰਾਂਸਫਰ ਪ੍ਰਾਪਤ ਕਰਨ ਦੇ ਹੱਕਦਾਰ ਹੁੰਦੇ ਹਨ।
- ਕਾਰਡ ਨੈਗੇਟਿਵ ਬਕਾਇਆ ਵਿੱਚ ਚਲਾ ਜਾਵੇਗਾ ਅਤੇ ਜਦੋਂ ਤੁਸੀਂ ਅਗਲੀ ਵਾਰ ਆਪਣਾ ਕਾਰਡ ਲੋਡ ਕਰੋਗੇ ਤਾਂ ਇਸ ਨੂੰ ਕੱਟ ਲਿਆ ਜਾਵੇਗਾ। ਦੁਬਾਰਾ ਲੋਡ ਕਰਨ ਦੇ ਸਮੇਂ ਨੈਗੇਟਿਵ ਈ-ਪਰਸ ਸੈਟਲਮੈਂਟ ਲਈ $0.25 ਲਏ ਜਾਂਦੇ ਹਨ।

**ਧਿਆਨ ਦਿਓ**: ਜੇ ਤੁਸੀਂ ਇੱਕ ਬਾਲਗ ਹੋ ਅਤੇ ਤੁਹਾਡਾ ਕਾਰਡ ਰਜਿਸਟਰ ਨਹੀਂ ਕੀਤਾ ਹੋਇਆ ਹੈ ਤਾਂ ਤੁਸੀਂ ਸੰਕਟਕਾਲੀ ਯਾਤਰਾ ਦੇ ਹੱਕਦਾਰ ਨਹੀਂ ਹੋ।

## ਕਿਰਾਏ ਦਾ ਭੁਗਤਾਨ ਕਰਨ ਲਈ ਉਪਕਰਣ

ਬਚਿਆ ਹੋਇਆ ਬਕਾਇਆ

ਕੱਟਿਆ ਗਿਆ ਬਕਾਇਆ

ਬਚਿਆ ਹੋਇਆ ਟਾਂਸਫਰ ਸਮਾਂ

ਇੱਥੇ ਕਾਰਡ ਟੈਪ ਕਰੋ




## ਬੈਲੈਂਸ ਚੈੱਕਰ

ਟ੍ਰਾਂਸਫਰ ਇਤਿਹਾਸ ਦੇਖਣ ਲਈ ਕਾਰਡ ਨੂੰ ਉਪਕਰਣ ਦੇ ਉੱਪਰ ਫੜ ਕੇ ਰੱਖੋ




**PRESTO** ਨਾਲ ਸੰਪਰਕ ਕਰੋ

ਫੋਨ: **1-8-PRESTO-123** (1-877-378-6123)

Web: **presto.ca**

